## ਗੁਰੂ ਨਾਨਕ - ਸਬਦ ੫੪
## ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥
### ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧੮

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥
ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥
ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥
ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥
ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥
ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥
ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥
ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥
ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥
ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥
ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥

ਸਾਰ: ਇਸ ਸ਼ਬਦ ਵਿੱਚ, ਇੱਕ ਬੰਦ ਦਰਵਾਜ਼ੇ ਦੀ ਉਦਾਹਰਣ ਜੋ ਸਾਨੂੰ ਘਰ ਵਿਚ ਦਾਖਲ ਹੋਣ ਤੋਂ ਰੋਕਦੀ ਹੈ ਜਿਸ ਕਾਰਣ ਅਸੀਂ ਆਰਾਮ ਤੋਂ ਵਾਂਝੇ ਰਹਿ ਜਾਂਦੇ ਹਾਂ, ਇਸ ਦਾ ਭਾਵ ਹੈ ਕਿ ਕਿਵੇਂ ਕੂੜ ਨਾਲ ਮੋਹ ਸਾਨੂੰ ਪਰਮ ਸਚ ਤੱਕ ਪਹੁੰਚਣ ਤੋਂ ਰੋਕਦਾ ਹੈ। ਆਪਣੇ ਮਨ ਦੇ ਦਰਵਾਜ਼ੇ ਨੂੰ ਖੋਲ੍ਹ ਅਤੇ ਭਰਮਾਂ ਨੂੰ ਪਾਰ ਕਰ, ਅਸੀਂ ਨੌਂ ਨਿਧੀਆਂ ਪ੍ਰਾਪਤ ਕਰ ਸਕਦੇ ਹਾਂ, ਜੋ ਰੂਹਾਨੀ ਅਤੇ ਸੰਸਾਰਿਕ ਪੂਰਤੀ ਲਈ ਜ਼ਰੂਰੀ ਗੁਣਾਂ ਦਾ

ਪ੍ਰਤੀਕ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਗੁਣਾਂ ਵਿੱਚ ਸੱਚ, ਬਿਬੇਕ, ਵਾਰਤਾਲਾਪ, ਰਚਨਾਤਮਕਤਾ, ਧੀਰਜ, ਸਵੈ-ਪ੍ਰਕਾਸ਼, ਦ੍ਰਿੜਤਾ, ਉੱਚ ਉਦੇਸ਼ ਅਤੇ ਜੀਵਨ ਨਿਰਬਾਹ ਦੇ ਵਸੀਲੇ ਸ਼ਾਮਲ ਹਨ। ਇਹ ਗੁਣ ਸਦਭਾਵਨਾ ਨਾਲ ਜੀਵਨ ਜੀਉਣ ਲਈ ਸਾਡਾ ਮਾਰਗਦਰਸ਼ਨ ਕਰਨ ਵਿੱਚ ਮਦਦ ਕਰਦੇ ਹਨ।

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥

ਉਨ੍ਹਾਂ ਅਭਾਗਿਆਂ ਦਾ ਜੀਵਨ ਜੋ ਦਵੈਤ ਦੇ ਮੋਹ ਕਾਰਣ ਕੁਰਾਹੇ ਪਏ ਹਨ, ਵਿਅਰਥ ਮੰਨਿਆ ਜਾਂਦਾ ਹੈ।

ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥

ਉਹ ਚਿੱਕੜ ਨਾਲ ਭਰੀ ਮਿੱਟੀ ਦੀ ਕੰਧ ਵਾਂਗ ਹਨ ਜੋ ਲਗਾਤਾਰ ਖੁਰਦੀ ਹੋਈ ਅੰਤ ਵਿੱਚ ਢਹਿ ਜਾਂਦੀ ਹੈ।

ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥

ਬਿਬੇਕ ਧਾਰਨ ਕਰਨ ਤੋਂ ਬਿਨ੍ਹਾਂ ਕੋਈ ਚੈਨ ਪ੍ਰਾਪਤੀ ਨਹੀਂ ਕਰ ਸਕਦਾ। ਸਰਵ ਵਿਆਪਕਤਾ ਦੇ ਪਿਆਰ ਤੋਂ ਬਿਨਾਂ, ਕੋਈ ਵੀ ਦੁੱਖ ਦੂਰ ਨਹੀਂ ਕਰ ਸਕਦਾ। (੧)

ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥

ਚੇਤਨਾ ਦੇ ਸਾਥ ਤੋਂ ਬਿਨ੍ਹਾਂ, ਧਾਰਮਿਕ ਸ਼ਿੰਗਾਰ ਦਾ ਕੀ ਮੁਲ?

ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥

ਜਦੋਂ ਘਰ ਦਾ ਦਰਵਾਜ਼ਾ ਬੰਦ ਰਹਿੰਦਾ ਹੈ, ਤਾਂ ਘਰ ਅੰਦਰਲਾ ਆਰਾਮ ਪਹੁੰਚ ਤੋਂ ਬਾਹਰ ਹੁੰਦਾ ਹੈ। ਇਸੇ ਤਰ੍ਹਾਂ, ਝੂਠ ਦੇ ਪ੍ਰਭਾਵ ਹੇਠ, ਵਿਅਕਤੀ ਬੇਅਰਾਮੀ ਦਾ ਅਨੁਭਵ ਕਰਦਾ ਹੈ ਕਿਉਂਕਿ ਬ੍ਰਹਮਤਾ ਦੀਆਂ ਸੱਚਾਈਆਂ ਪਹੁੰਚ ਤੋਂ ਬਾਹਰ ਹੋ ਜਾਂਦੀਆਂ ਹਨ। (੧)(ਠਹਿਰਾਉ)

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥

ਸਦੀਵੀ ਊਰਜਾ ਅਨੰਤ ਬਿਬੇਕ ਦੀ ਧਾਰਨੀ ਹੈ ਅਤੇ ਇਹ ਦੋਸ਼ ਰਹਿਤ ਹੈ, ਇਹ ਇਕ ਕਿਸਾਨ ਦੀ ਤਰ੍ਹਾਂ ਕਰਮ ਕਰਦੀ ਹੈ, ਸ੍ਰਿਸ਼ਟੀ ਦੇ ਤੱਤ ਨੂੰ ਪੈਦਾ ਕਰ ਪਾਲਦੀ ਅਤੇ ਸੰਭਾਲਦੀ ਹੈ।

ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥

ਜਿਵੇਂ ਬੀਜਣ ਲਈ ਪਹਿਲਾਂ ਮਿੱਟੀ ਨੂੰ ਵਾਹੁਣਾ ਪੈਂਦਾ ਹੈ; ਇਸੇ ਤਰ੍ਹਾਂ, ਅੰਦਰ ਸਚ ਪੈਦਾ ਕਰਨ ਲਈ ਮਨ ਨੂੰ ਸਵੈ-ਚਿੰਤਨ ਦੀ ਲੋੜ ਹੁੰਦੀ ਹੈ।

ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥

ਇਹ ਪਹਿਲਕਦਮੀ ਭੌਤਿਕ ਅਤੇ ਰੂਹਾਨੀ ਖੇਤਰ ਵਿੱਚ ਖੁਸ਼ਹਾਲੀ ਦੇ ਵੱਖ-ਵੱਖ ਰੂਪਾਂ ਦੇ ਪ੍ਰਤੀਕ ਨੌਂ ਗੁਣਾਂ ਨੂੰ ਕੀਮਤੀ ਖਜ਼ਾਨਿਆਂ ਵਜੋਂ ਪੈਦਾ ਕਰ ਸਕਦੀ ਹੈ। ਇਹ ਉਹਨਾਂ ਨੂੰ ਸਰਵ ਵਿਆਪਕ ਊਰਜਾ ਦੇ ਕਾਰਜਾਂ ਵਜੋਂ ਪ੍ਰਗਟ ਕਰ ਸਕਦੀ ਹੈ। (੨)

ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥

ਬਿਬੇਕ ਦੀ ਸ਼ਕਤੀ ਨੂੰ ਜਾਣਦੇ ਹੋਏ, ਜੇਕਰ ਕੋਈ ਇਸਨੂੰ ਸਮਝਣ ਦੀ ਕੋਸ਼ਿਸ਼ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਵਿਵਹਾਰ ਅਤੇ ਸ਼ਿਸ਼ਟਾਚਾਰ ਦਾ ਕੋਈ ਮਹੱਤਵ ਨਹੀਂ ਰਹਿੰਦਾ।

ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥

ਜਿਨ੍ਹਾਂ ਕੋਲ ਦ੍ਰਿਸ਼ਟੀ ਦੀ ਘਾਟ ਹੁੰਦੀ ਹੈ, ਉਹ ਸਵੈ-ਚਿੰਤਨ ਛੱਡ ਦਿੰਦੇ ਹਨ, ਉਹ ਇੱਛਾਵਾਂ ਵਿਚ ਡੁੱਬ ਅਗਿਆਨਤਾ ਦੇ ਪਰਛਾਵੇਂ ਵਿਚ ਫਸੇ ਰਹਿੰਦੇ ਹਨ।

ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥

ਉਹ ਆਪਣੇ ਆਪ ਨੂੰ ਚੰਗੇ ਅਤੇ ਮਾੜੇ ਵਿਰੋਧਮਈ ਪ੍ਰਭਾਵ ਤੋਂ ਮੁਕਤ ਨਹੀਂ ਕਰ ਸਕਦੇ, ਉਹ ਆਪਣੇ ਰੂਹਾਨੀ ਵਿਕਾਸ ਅਤੇ ਪਤਨ ਦੇ ਸੰਘਰਸ਼ ਵਿਚ ਖੁਆਰ ਹੋ ਜਾਂਦੇ ਹਨ। (੩)

ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥

ਕੋਈ ਕੀਮਤੀ ਚੰਦਨ ਖਰੀਦ, ਵਧੀਆ ਕੇਸਰ ਨੂੰ ਪ੍ਰਾਪਤ ਕਰ, ਵਾਲਾਂ ਦੇ ਸ਼ਿੰਗਾਰ ਲਈ ਸਿੰਦੂਰ ਆਦਿ ਲਗਾ ਸਕਦਾ ਹੈ,

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥

ਚੰਦਨ ਦੀ ਲੱਕੜ ਦਾ ਤੇਜ਼ ਅਤਰ ਛਿੜਕ ਅਤੇ ਕਪੂਰ ਨਾਲ ਲੱਥਪੱਥ ਪਾਨ ਦੇ ਪੱਤੇ ਚਬਾ ਸਕਦਾ ਹੈ।

ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥

ਜੇਕਰ ਚੇਤਨਾ ਰੂਪੀ ਪਿਆਰਾ ਸਾਥੀ ਇਸ ਨਾਲ ਪ੍ਰਸੰਨ ਨਹੀਂ ਹੁੰਦਾ, ਤਾਂ ਬਾਹਰੀ ਸ਼ਿੰਗਾਰ ਵਿਅਰਥ ਹਨ, ਇਸ ਦਾ ਭਾਵ ਹੈ ਕਿ ਸੱਚੀ ਖੁਸ਼ੀ ਅੰਦਰੂਨੀ ਸੰਤੋਖ ਤੋਂ ਆਉਂਦੀ ਹੈ, ਦਿੱਖ ਤੋਂ ਨਹੀਂ। (੪)

ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥

ਭੌਤਿਕ ਚੀਜ਼ਾਂ ਵਿੱਚ ਉਲਝਣਾ ਅੰਤ ਵਿੱਚ ਅਰਥਹੀਣ ਹੈ; ਸਾਰੇ ਸ਼ਿੰਗਾਰ ਵਿਅਰਥ ਹਨ।

ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥

ਜਦੋਂ ਤੱਕ ਆਪਣੇ ਆਪ ਨੂੰ ਬਿਬੇਕ ਰੂਪੀ ਤੱਤ-ਸਾਰ ਵਿੱਚ ਲੀਨ ਨਹੀਂ ਕਰਦੇ, ਜਾਗਰੂਕਤਾ ਦੀ ਅੰਦਰੂਨੀ ਸੁੰਦਰਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ?

ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥

ਨਾਨਕ ਕਹਿੰਦੇ ਹਨ ਕਿ ਉਹ ਧੰਨ ਹਨ ਜੋ ਸਰਬ ਵਿਆਪਕ ਚੇਤਨਾ ਦੀ ਸਰਵ ਵਿਆਪਕਤਾ ਨੂੰ ਪਿਆਰ ਕਰਦੇ ਹਨ ਅਤੇ ਇਸਨੂੰ ਅਪਣਾਉਂਦੇ ਹਨ। (੫)(੧੩)

ਤੱਤ: ਗੁਰੂ ਨਾਨਕ ਇਸ ਗੂੜ੍ਹ ਸੱਚਾਈ ਨੂੰ ਉਜਾਗਰ ਕਰਦੇ ਹਨ ਕਿ ਬਾਹਰੀ ਦਿੱਖ, ਭੌਤਿਕ ਸੰਪਤੀਆਂ, ਜਾਂ ਦਿਖਾਵਟੀ ਸ਼ਿੰਗਾਰ ਦਾ ਕੋਈ ਸਥਾਈ ਮੁੱਲ ਨਹੀਂ ਹੁੰਦਾ ਜਦੋਂ ਤੱਕ ਉਹ ਕਿਸੇ ਗੰਭੀਰ ਅੰਦਰੂਨੀ ਪੂਰਤੀ

ਨਾਲ ਨਾ ਜੁੜੇ ਹੋਣ। ਸੱਚਾ ਖਜ਼ਾਨਾ ਭੌਤਿਕ ਵਸਤਾਂ ਇਕੱਠਾ ਕਰਨ ਜਾਂ ਸੰਸਾਰ ਵਿਚ ਸਾਡਾ ਕੀ ਸਥਾਨ ਹੈ, ਵਿਚ ਨਿਹਿਤ ਨਹੀਂ ਬਲਕਿ ਸਾਡੀ ਚੇਤਨਾ ਅਤੇ ਸਰਵ ਵਿਆਪਕ ਊਰਜਾ ਦੇ ਨਾਲ ਜੁੜਣ ਵਿਚ ਹੁੰਦਾ ਹੈ। ਜਿਹੜੇ ਇਸ ਅਸਲੀਅਤ ਨੂੰ ਸਮਝਦੇ ਹਨ ਉਹ ਸਚਮੁਚ ਧੰਨ ਹਨ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**